# ਸਿੱਖ ਧਰਮ ਦੇ ਸਿਰੜੀ ਵਿਦਵਾਨ ਸਨ: ਮੈਕਲਿਓਡ

**ਰੁਪਿੰਦਰ ਸਿੰਘ**

**ਚੰਡੀਗੜ੍ਹ:** ਡਬਲਿਊ.ਐਚ. ਮੈਕਲਿਓਡ ਪੰਜਾਬ ਆਏ, ਇਥੇ ਅਧਿਐਨ ਕੀਤਾ ਅਤੇ ਪੜ੍ਹਾਇਆ ਤੇ ਫੇਰ ਆਪਣੇ ਵਤਨ ਨਿਊਜ਼ੀਲੈਂਡ ਪਰਤ ਗਏ ਪਰ ਇਸ ਧਰਤੀ, ਇਥੋਂ ਦੇ ਲੋਕਾਂ ਅਤੇ ਉਨ੍ਹਾਂ ਦੇ ਧਰਮ ਨਾਲ ਉਹ ਹਮੇਸ਼ਾ ਜੁੜੇ ਰਹੇ। 20 ਜੁਲਾਈ ਨੂੰ ਉਨ੍ਹਾਂ ਦੇ ਦੇਹਾਂਤ ਦੇ ਨਾਲ ਹੀ ਸਿੱਖ ਧਰਮ ਦਾ ਇਕ ਮੋਹਰੀ ਵਿਦਵਾਨ ਸਾਥੋਂ ਹਮੇਸ਼ਾ ਲਈ ਵਿੱਛੜ ਗਿਆ। ਉਨ੍ਹਾਂ ਦਾ ਜਨਮ 1935 ਵਿੱਚ ਨਿਊਜ਼ੀਲੈਂਡ ਵਿੱਚ ਹੋਇਆ।

ਉਹ ਖੇਤਾਂ 'ਚ ਪੈਂਦੇ ਆਪਣੇ ਘਰ ਵਿੱਚ ਪਲੇ ਅਤੇ ਉਨ੍ਹਾਂ ਦੇ ਪਿਤਾ ਫੀਲਡਿੰਗ ਇਲਾਕੇ ਦੀ ਮੁਕਾਮੀ ਰਾਜਨੀਤੀ ਵਿੱਚ ਸਰਗਰਮ ਸਨ। ਸ੍ਰੀ ਮੈਕਲਿਓਡ ਨੇ ਆਪਣੀ ਜ਼ਿੰਦਗੀ ਦੇ ਆਖਰੀ ਦਹਾਕਿਆਂ ਵਿੱਚ ਪਤਨੀ ਮਾਰਗ੍ਰੇਟ ਨਾਲ ਫੀਲਡਿੰਗ ਵਿੱਚ ਹੀ ਆਪਣਾ ਘਰ ਬਣਾਇਆ। ਹਿਊ ਵਜੋਂ ਜਾਣੇ ਜਾਂਦੇ ਸ੍ਰੀ ਮੈਕਲਿਓਡ ਨੇ ਆਪਣਾ ਵਿਦਿਅਕ ਸਫਰ ਮਿਸ਼ਨਰੀ ਦੇ ਤੌਰ 'ਤੇ ਸ਼ੁਰੂ ਕੀਤਾ ਸੀ।

ਉਨ੍ਹਾਂ 1955 ਵਿੱਚ ਯੂਨੀਵਰਸਿਟੀ ਆਫ ਨਿਊਜ਼ੀਲੈਂਡ ਤੋਂ ਐਮ.ਏ. ਦੀ ਡਿਗਰੀ ਹਾਸਲ ਕੀਤੀ ਅਤੇ ਆਪਣੀ ਸਵੈਜੀਵਨੀ ਡਿਸਕਵਰਿੰਗ ਦਿ ਸਿੱਖਜ਼: ਆਟੋਬਾਇਓਗ੍ਰਾਫੀ ਆਫ ਏ ਹਿਸਟੋਰੀਅਨ ''(ਸਿੱਖਾਂ ਦੀ ਖੋਜ: ਇਕ ਇਤਿਹਾਸਕਾਰ ਦੀ ਸਵੈਜੀਵਨੀ) ਵਿੱਚ ਉਨ੍ਹਾਂ ਇਵੇਂ ਲਿਖਿਆ'' 1958 ਵਿੱਚ ਜਦੋਂ ਮੈਂ ਪਹਿਲੀ ਵਾਰ ਭਾਰਤ ਪੁੱਜਿਆ ਤਾਂ ਮੈਂ ਅਧਿਆਪਨ ਦੀ ਨੌਕਰੀ ਲਈ ਪੰਜਾਬ ਚਲਿਆ ਗਿਆ। ਪੰਜਾਬ ਵਿੱਚ ਰਹਿੰਦਿਆਂ ਮੈਂ ਆਪਣੇ ਯੂਨੀਵਰਸਿਟੀ ਦੇ ਦਿਨਾਂ ਤੋਂ ਬਣੀ ਦਿਲਚਸਪੀ ਨੂੰ ਅੱਗੇ ਵਧਾਉਣਾ ਚਾਹਿਆ ਭਾਵ ਕਿ ਮੈਂ ਇਲਾਕੇ ਦੇ ਇਤਿਹਾਸ ਨੂੰ ਹੱਥ ਪਾਵਾਂਗਾ। ਪਰ ਮੈਨੂੰ ਇਤਿਹਾਸ ਦੀ ਕਿਹੜੀ ਵੰਨਗੀ ਖਿੱਚ ਪਾਉਂਦੀ ਸੀ? ...ਮੈਂ ਨੌਂ ਸਾਲ ਪੰਜਾਬ ਦੇ ਲੇਖੇ ਲਾਏ, ਪਹਿਲਾਂ ਸਿੱਖ ਇਤਿਹਾਸ ਦੇ ਮੁੱਖ ਤੱਤ ਸਮਝਣ ਲਈ ਅਤੇ ਫੇਰ ਵਿਸ਼ੇ ਦੀ ਖੋਜ ਸਿਰੇ ਚੜ੍ਹਾਉਣ ਲਈ। ਉਦੋਂ ਤੋਂ ਲੈ ਕੇ ਹੁਣ ਤੱਕ ਦਿਲਚਸਪੀ ਬਣੀ ਰਹੀ ਹੈ ਅਤੇ ਬਿਨਾਂ ਸ਼ੱਕ ਜ਼ਿੰਦਗੀ ਦੇ ਆਖਰੀ ਦਿਨ ਤੱਕ ਬਣੀ ਰਹੇਗੀ।''

ਉਨ੍ਹਾਂ ਪੰਜਾਬੀ ਭਾਸ਼ਾ ਸਿੱਖੀ, ਹੱਥ ਲਿਖਤਾਂ ਦਾ ਵਿਸ਼ਲੇਸ਼ਣ ਕੀਤਾ। ਪ੍ਰੋਫੈਸਰ ਗੰਡਾ ਸਿੰਘ ਅਤੇ ਪ੍ਰੋਫੈਸਰ ਹਰਬੰਸ ਸਿੰਘ ਜਿਹੇ ਵਿਦਵਾਨਾਂ ਨਾਲ ਆਦਾਨ-ਪ੍ਰਦਾਨ ਕੀਤਾ ਅਤੇ ਇਕ ਥੀਸਿਸ ਲਿਖਿਆ ਜਿਸ ਦੇ ਬਦਲੇ ਲੰਡਨ ਯੂਨੀਵਰਸਿਟੀ ਨੇ



1965 ਵਿੱਚ ਉਨ੍ਹਾਂ ਨੂੰ ਪੀਐਚ.ਡੀ. ਦਿੱਤੀ। 1968 ਵਿੱਚ ਇਹ ਥੀਸਿਸ 'ਗੁਰੂ ਨਾਨਕ ਐਂਡ ਦਿ ਸਿੱਖ ਰਿਲੀਜਨ' ਦੇ ਸਿਰਲੇਖ ਹੇਠ ਪ੍ਰਕਾਸ਼ਤ ਹੋਇਆ। ਉਨ੍ਹਾਂ ਦੀਆਂ ਪ੍ਰਮੁੱਖ ਕਿਤਾਬਾਂ ਵਿੱਚ 'ਅਰਲੀ ਸਿੱਖ ਟ੍ਰੈਡੀਸ਼ਨ: ਏ ਸਟਡੀ ਆਫ ਦਿ ਜਨਮਸਾਖੀਜ਼ (1980) ਅਤੇ ਹੂ ਇਜ਼ ਏ ਸਿੱਖ? ਦਿ ਪ੍ਰਾਬਲਮ ਆਫ ਸਿੱਖ ਆਇਡੈਂਟਿਟੀ (1989) (ਦੋਵੇਂ ਕਲੇਅਰਡਾਨ ਪ੍ਰੈਸ, ਔਕਸਫੋਰਡ ਵੱਲੋਂ ਪ੍ਰਕਾਸ਼ਤ), ਦਿ ਚੌਪਾ ਸਿੰਘ ਰਹਿਤਨਾਮਾ (1987) ਅਤੇ 2004 ਵਿੱਚ ਪ੍ਰਕਾਸ਼ਤ ਹੋਈ ਉਨ੍ਹਾਂ ਦੀ ਸਵੈ-ਜੀਵਨੀ ਸ਼ਾਮਲ ਹਨ। ਜਦੋਂ ਉਨ੍ਹਾਂ ਦੇ ਵਿਚਾਰਾਂ ਦਾ ਪ੍ਰੰਪਰਾਵਾਂ ਨਾਲ ਟਕਰਾਅ ਸ਼ੁਰੂ ਹੋਇਆ ਤਾਂ ਉਨ੍ਹਾਂ ਨੂੰ ਵਿਵਾਦਾਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਆਪਣੇ ਕੰਮ ਵਿੱਚ ਜੁਟੇ ਰਹੇ ਅਤੇ ਇਵੇਂ ਠੁਕਦਾਰ ਕਾਰਜ ਸਾਹਮਣੇ ਲਿਆਂਦਾ।

ਸ੍ਰੀ ਮੈਕਲਿਓਡ ਨਿਊਜ਼ੀਲੈਂਡ ਵਿੱਚ ਡਿਊਨੇਡਿਨ ਵਿਖੇ ਓਟੈਗੋ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਨਾਲ ਦੁਬਾਰਾ ਜੁੜ ਗਏ ਜਿਥੋਂ ਉਹ 1998 ਵਿੱਚ ਸੇਵਾਮੁਕਤ ਹੋਏ। ਇਸ ਤੋਂ ਬਾਅਦ ਉਨ੍ਹਾਂ ਨੂੰ ਅਮੈਰਿਟਸ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਉਨ੍ਹਾਂ ਭਾਰਤ ਤੋਂ ਬਾਹਰ ਖਾਸ ਕਰਕੇ ਅਮਰੀਕਾ ਅਤੇ ਕੈਨੇਡਾ ਵਿੱਚ ਸਿੱਖ ਅਧਿਐਨ ਦੀ ਪਿਰਤ ਸ਼ੁਰੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਆਪਣੇ ਯੂਨੀਵਰਸਿਟੀ ਵਿੱਚ ਤਾਂ ਉਨ੍ਹਾਂ ਇਹ ਕੰਮ ਕੀਤਾ ਹੀ। ਪੱਛਮੀ ਦੇਸ਼ਾਂ ਵਿੱਚ ਸਿੱਖ ਮੱਤ ਦੇ ਸਿਰਕੱਢ ਵਿਦਵਾਨਾਂ ਵਿੱਚੋਂ ਬਹੁਤੇ ਉਨ੍ਹਾਂ ਦੇ ਵਿਦਿਆਰਥੀ ਹਨ ਜਾਂ ਉਨ੍ਹਾਂ ਦੀਆਂ ਪੁਜ਼ੀਸ਼ਨਾਂ ਦੀ ਚੋਣ ਵਿੱਚ ਉਨ੍ਹਾਂ ਭੂਮਿਕਾ ਨਿਭਾਈ ਸੀ। ਇਹ ਇਸ ਕਰਕੇ ਸੀ ਕਿ ਸ੍ਰੀ ਮੈਕਲਿਓਡ ਨੂੰ ਸਿੱਖ ਧਰਮ ਦਾ ਵਿਦਵਾਨ ਮੰਨਿਆ ਜਾਂਦਾ ਸੀ ਅਤੇ ਅਕਾਦਮਿਕ ਸੰਸਥਾਵਾਂ ਉਨ੍ਹਾਂ ਦੇ ਵਿਚਾਰਾਂ ਦੀ ਕਦਰ ਕਰਦੀਆਂ ਸਨ।

ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ ਵਿੱਚ ਸਿੱਖਾਂ ਦੇ ਪੱਗ ਤੇ ਪੂਰੇ ਕੇਸਾਂ ਸਹਿਤ ਸੇਵਾ ਕਰਨ ਦੇ ਹੱਕ ਸਬੰਧੀ ਸ੍ਰੀ ਮੈਕਲਿਓਡ ਕੈਨੇਡਿਆਈ ਅਦਾਲਤ ਵਿੱਚ ''ਮਾਹਰ ਗਵਾਹ'' ਵਜੋਂ ਪੇਸ਼ ਹੋਏ ਸਨ ਅਤੇ ਉਨ੍ਹਾਂ ਦੀ ਗਵਾਹੀ ਸਦਕਾ ਸਿੱਖ ਇਹ ਕੇਸ ਜਿੱਤੇ ਸਨ ਅਤੇ ਪਗੜੀਧਾਰੀ ਆਰ.ਸੀ.ਐਮ.ਪੀ. ਅਫਸਰਾਂ ਲਈ ਰਾਹ ਸਾਫ ਹੋ ਗਿਆ। ਮੌਤ ਤੋਂ ਪਹਿਲਾਂ ਨਿਊਜ਼ੀਲੈਂਡ ਟੀ.ਵੀ. ਨੇ ਇਕ ਦਸਤਾਵੇਜ਼ੀ 'ਹਿਊ ਮੈਕਲਿਓਡ: ਏ ਕਿਵੀ ਸਿੱਖ ਹਿਸਟੋਰੀਅਨ' ਨਸ਼ਰ ਕੀਤੀ ਸੀ, ਜਿਸ ਦਾ ਨਿਰਦੇਸ਼ਨ ਇਕ ਪਰਵਾਸੀ ਪੱਤਰਕਾਰ ਜੈਸਮੀਨ ਪੱਜੀ ਨੇ ਕੀਤਾ ਸੀ। ਹਿਊ ਇਕ ਕਰਮਸ਼ੀਲ, ਮਿੱਠਬੋਲੜੇ ਅਤੇ ਫਰਾਖਦਿਲ ਇਨਸਾਨ ਸਨ ਅਤੇ ਜੋ ਵੀ ਕੋਈ ਉਨ੍ਹਾਂ ਕੋਲ ਕੋਈ ਸਲਾਹ-ਮਸ਼ਵਰੇ ਲਈ ਜਾਂਦਾ, ਉਹ ਉਤਸ਼ਾਹ ਨਾਲ ਭਰਿਆ ਵਾਪਸ ਆਉਂਦਾ। ਉਹ ਵਾਕਈ ਇਕ ਵਿਲੱਖਣ ਵਿਦਵਾਨ ਸਨ ਜਿਨ੍ਹਾਂ ਦੀ ਖੋਜ ਤੇ ਵਿਦਵਤਾ ਸਿੱਖ ਧਰਮ ਤੇ ਇਸ ਦੇ ਸਭਿਆਚਾਰ ਦੀ ਥਾਹ ਪਾਉਣ ਵਾਲੇ ਵਿਦਵਾਨਾਂ ਤੇ ਆਮ ਲੋਕਾਂ ਲਈ ਸਹਾਈ ਹੁੰਦੀ ਰਹੇਗੀ।